੦੦੫

ਧਰਮ ਤੇ ਸਦਾਚਾਰ

(ਲੇਖਕ: ਪ੍ਰਕਾਸ਼ ਸਿੰਘ ਐਮ. ਏ.)

ਧਰਮ ਅਤੇ ਸਦਾਚਾਰ ਦਾ ਆਦਿ ਜੁਗਾਦਿ ਦਾ ਮੇਲ ਹੈ। ਹਰ ਧਰਮ ਅਨੁਸਾਰ ਸਦਾਚਾਰ ਜੀਵਨ ਦਾ ਇੱਕ ਬਹੁਤ ਹੀ ਜ਼ਰੂਰੀ ਅੰਗ ਹੈ। ਧਰਮ ਕੀ ਹੈ? ਜੀਵਨ ਨੂੰ ਸਭ ਤੋਂ ਚੰਗੇ ਢੰਗ ਨਾਲ ਜੀਣ ਤੇ ਇਸ ਦੁਆਰਾ ਸੱਚ ਦੀ ਪਛਾਣ ਦਾ ਨਾਮ ਧਰਮ ਹੈ। ਧਰਮ ਦਾ ਮਨੋਰਥ ਕੁਝ ਪ੍ਰਾਪਤ ਕਰਨ ਨਾਲੋਂ ਵਧੇਰੇ ਕੁੱਝ ਬਨਣਾ ਹੈ, ਕੁਝ ਹੋਣਾ ਹੈ। ਧਰਮ ਜੀਵਨ ਜਾਚ ਸਿਖਾਂਦਾ ਹੈ। ਸੱਚਾ ਸੁੱਚਾ ਜੀਵਨ ਤਾਂ ਹੀ ਹੈ ਜੇ ਆਚਰਨ ਉੱਚਾ ਹੈ। ਸਦਾਚਾਰ ਚੰਗੇ ਜੀਵਨ ਦੀ ਨੀਂਹ ਹੈ। ਵਾਹਿਗੁਰੂ ਨਾਲ ਲਿਵ ਤੇ ਪ੍ਰੇਮ ਭਗਤੀ ਹੈ, ਸਿਮਰਨ ਹੈ। ਮਨੁੱਖਾਂ ਨਾਲ ਚੰਗੇ ਵਰਤਾਓ ਦਾ ਨਾਂ ਸਦਾਚਾਰ ਹੈ, ਇਖਲਾਕ ਹੈ। ਭਗਤੀ ਤੇ ਸਦਾਚਾਰ ਦਾ ਸੁਮੇਲ ਹੈ ਧਰਮ। ਨਿਰਾ ਭਗਤੀ ਦਾ ਨਾਂ ਧਰਮ ਨਹੀਂ। ਧਰਮ ਸਾਡੇ ਸਮਾਜਿਕ ਨਿਯਮਾਂ ਦਾ ਜਨਮ ਦਾਤਾ ਹੈ। ਸਦਾਚਾਰ ਇਸ ਦਾ ਇੱਕ ਜ਼ਰੂਰੀ ਤੇ ਅਨਿੱਖੜਵਾਂ ਅੰਗ ਹੈ। ਜੋ ਮਨੁੱਖ ਧਰਮ ਤੇ ਨਿਸ਼ਚਾ ਰੱਖਦਾ ਹੈ, ਧਰਮ ਦਾ ਧਾਰਨੀ ਹੈ ਤੇ ਧਰਮ ਅਨੁਸਾਰ ਪਵਿੱਤਰ ਤੇ ਅਮਲੀ ਜੀਵਨ ਬਤੀਤ ਕਰਦਾ ਹੈ, ਉਹ ਸੁੱਤੇ-ਸਿੱਧ ਸਦਾਚਾਰੀ ਬਣ ਜਾਂਦਾ ਹੈ। ਧਰਮ ਦੀ ਸੂਝ ਤੇ ਵਰਤੋਂ ਨਾਲ ਹੀ ਤਾਂ ਇਖਲਾਕ ਬਣਦਾ ਹੈ। ਇੱਕ ਸਦਾਚਾਰੀ ਹੀ ਧਰਮੀ ਹੋ ਸਕਦਾ ਹੈ। ਕੋਈ ਵਿਭਚਾਰੀ ਧਰਮੀ ਨਹੀਂ ਹੋ ਸਕਦਾ। ਧਰਮ ਤੇ ਸਦਾਚਾਰ ਲਾਜ਼ਮ ਮਲਜ਼ੂਮ ਹਨ।

ਸਦਾਚਾਰ ਕੀ ਹੈ? ਸਦਾਚਾਰ ਨੂੰ ਵੱਖ-ਵੱਖ ਚਿੰਤਕਾਂ ਨੇ ਵੱਖ-ਵੱਖ ਰੂਪ ਵਿੱਚ ਬਿਆਨ ਕੀਤਾ ਹੈ। ਜਦ ਮਨ ਤੇ ਇੰਦਰੀਆਂ ਨਿਰਮਲ ਬੁੱਧੀ ਦੇ ਅਧੀਨ ਰਹਿ ਕੇ ਕਰਮ ਕਰਦੀਆਂ ਹਨ, ਉਦੋਂ ਤੀਕ ਮਨੋ-ਕਾਮਨਾਵਾਂ ਪਵਿੱਤਰ ਰਹਿੰਦੀਆਂ ਹਨ। ਇਸ ਤਰ੍ਹਾਂ ਦੇ ਕਰਮ ਹੀ ਸਦਾਚਾਰ ਬਣਾਂਦੇ ਹਨ। ਪਰ ਜੇ ਇਸ ਦੇ ਵਿਰੁੱਧ ਕਰਮ ਕੀਤੇ ਜਾਣ ਤਾਂ ਉਹ ਵਿਭਚਾਰ ਹੈ। (ਗੀਤਾ ਰਹਸਯ ਪੰ: ੧੩੨)

ਇਸ ਕਥਨ ਅਨੁਸਾਰ ਨਿਰਮਲ ਬੁੱਧੀ ਅਧੀਨ ਕੀਤੇ ਕਰਮ ਹੀ ਸਦਾਚਾਰ ਹੈ।

ਅਰਸਤੂ ਨੇ ਸਦਾਚਾਰ ਦੀ ਨੀਂਹ ਦੋ ਗੱਲਾਂ ਤੇ ਦੱਸੀ ਹੈ। ਪਹਿਲਾ ਇਹ ਕਿ ਮਨੁੱਖ ਦੇ ਕੀ ਫ਼ਰਜ਼ ਹਨ ਤੇ ਦੂਜਾ ਇਹ ਕਿ ਸਮੁੱਚੀ ਭਲਾਈ ਕਿਸ ਗੱਲ ਵਿੱਚ ਹੈ। ਭਾਵ ਇਹ ਕਿ ਮਨੁੱਖ ਪਹਿਲਾਂ ਤਾਂ ਆਪਣੇ ਫ਼ਰਜ਼ਾਂ ਦੀ ਪਛਾਣ ਕਰੇ ਤੇ ਫਿਰ ਉਨ੍ਹਾਂ ਦੀ ਵਰਤੋਂ ਨਾ-ਸਿਰਫ਼ ਆਪਣੀ ਭਲਾਈ ਲਈ ਹੀ ਕਰੇ, ਸਗੋਂ ਮਨੁੱਖਤਾ ਦੀ ਭਲਾਈ ਲਈ। ਕਈ ਵੇਰਾਂ ਤਾਂ ਆਪਣੇ ਨਿੱਜੀ ਲਾਭ ਹੋਰਾਂ ਦੀ ਭਲਾਈ ਖ਼ਾਤਰ ਵਾਰਨੇ ਪੈਂਦੇ ਹਨ। ਇਸ ਤੋਂ ਉੱਚਾ ਹੋਰ ਆਚਰਣ ਕੀ ਹੋ ਸਕਦਾ ਹੈ?

ਕੁੱਝ ਪੱਛਮੀ ਵਿਦਵਾਨਾਂ ਨੇ ਸਦਾਚਾਰ ਦੇ ਲੱਛਣ ਇੰਜ ਦੱਸੇ ਹਨ:-

"ਜਿਨ੍ਹਾਂ ਅਸੂਲਾਂ ਤੇ ਨਿਯਮਾਂ ਅਨੁਸਾਰ ਮਨੁੱਖ ਸ਼ਖ਼ਸੀ ਰੂਪ ਵਿੱਚ ਤੇ ਸਮਾਜਿਕ ਤੌਰ 'ਤੇ ਹਰ ਪੱਖ ਤੋਂ ਉੱਨਤੀ ਕਰੇ ਅਤੇ ਆਪਣੇ ਜੀਵਨ ਵਿੱਚ ਸੱਚਾ ਸੁੱਖ ਪ੍ਰਾਪਤ ਕਰੇ ਇਸ ਦਾ ਨਾਂ ਸਦਾਚਾਰ ਹੈ।"

ਸਦਾਚਾਰ ਦੇ ਲੱਛਣ ਜਾਂ ਤਾਰੀਫ ਕੁੱਝ ਵੀ ਕਰੋ, ਇਸ ਦੀ ਨੀਂਹ ਧਰਮ ਤੇ ਹੀ ਹੈ। ਇੰਜ ਹੀ ਧਰਮ ਦੀ ਤਾਰੀਫ ਕਿਸੇ ਤਰ੍ਹਾਂ ਕਰੋ ਸਦਾਚਾਰ ਇਸ ਦਾ ਇੱਕ ਜ਼ਰੂਰੀ ਅੰਗ ਹੈ।

ਇੱਕ ਆਮ ਭੁਲੇਖਾ:- ਅਜੋਕੇ ਕਈ ਚਲਾਕ, ਘੁੰਤਰੀ ਪੜ੍ਹੇ-ਲਿਖੇ ਬੰਦੇ ਇਹੋ ਜਿਹੀਆਂ ਗੱਲਾਂ ਕਹਿੰਦੇ ਸੁਣੀਦੇ ਹਨ:-

"ਸਾਨੂੰ ਆਪਣਾ ਚਾਲਚਲਣ ਠੀਕ ਰੱਖਣਾ ਚਾਹੀਦਾ ਹੈ, 'ਧਰਮ' ਦਾ ਇਸ ਨਾਲ ਕੋਈ ਸੰਬੰਧ ਨਹੀਂ।" ਜ਼ਿੰਦਗੀ ਕਿਵੇਂ ਬਤੀਤ ਕਰਨੀ ਹੈ, ਇਹ ਇੱਕ ਜਾਤੀ ਮਾਮਲਾ ਹੈ, ਮੈਂ ਜਿਵੇਂ ਚਾਹਵਾਂਗਾ ਕਰਾਂਗਾ। ਮੈਨੂੰ ਕਿਸੇ ਉਪਦੇਸ਼ ਦੀ ਲੋੜ ਨਹੀਂ। ਮੈਨੂੰ ਅਕਲ ਤੇ ਸੂਝ ਹੈ। ਮੈਂ ਨਿਰਣਯ ਕਰ ਸਕਦਾ ਹਾਂ ਕਿ ਮੇਰੇ ਲਈ ਕੀ ਠੀਕ ਹੈ ਤੇ ਕੀ ਗਲਤ- ਆਦਿ।

ਇਸ ਨੁਕਤੇ ਬਾਰੇ ਚੰਗੀ ਤਰ੍ਹਾਂ ਵਿਚਾਰ ਕਰਨੀ ਜ਼ਰੂਰੀ ਹੈ। ਇਨ੍ਹਾਂ ਗੱਲਾਂ ਬਾਰੇ ਸਾਨੂੰ ਸਪੱਸ਼ਟ ਹੋਣਾ ਚਾਹੀਦਾ ਹੈ, ਜਿਸ ਲਈ ਸੂਝ ਤੇ ਗਿਆਨ ਦੀ ਲੋੜ ਹੈ। ਇਹ ਸਮਝਣਾ ਕਿ ਕਿਸੇ ਮਨੁੱਖ ਦਾ ਜੀਵਨ ਕੇਵਲ ਉਸ ਦੀ ਜਾਤ ਨਾਲ ਹੀ ਸੰਬੰਧ ਰੱਖਦਾ ਹੈ ਅਤੇ ਇਸ ਵਿੱਚ ਹੋਰਾਂ ਦਾ ਕੋਈ ਦਖ਼ਲ ਨਹੀਂ, ਜਾਂ ਇਸ ਨਾਲ ਧਰਮ ਦਾ ਕੋਈ ਵਾਸਤਾ ਨਹੀਂ, ਇੱਕ ਵੱਡਾ ਭੁਲੇਖਾ ਹੀ ਨਹੀਂ, ਸਗੋਂ ਰੱਬ ਵੱਲੋਂ ਸੌਂਪੇ ਗਏ ਫ਼ਰਜ਼ਾਂ ਦੀ ਕੋਤਾਹੀ ਵੀ। ਜੋ ਆਪਣੇ ਫ਼ਰਜ਼ ਦੀ ਪਛਾਣ ਨਹੀਂ ਕਰਦੇ ਤੇ ਆਪਣੇ ਜੀਵਨ ਨੂੰ ਕੇਵਲ ਨਿੱਜੀ ਤੇ ਸੁਆਰਥੀ ਜੀਵਨ ਕਰਕੇ ਹੀ ਬਤੀਤ ਕਰਨ ਦਾ ਉਦੇਸ਼ ਹੀ ਮੁੱਖ ਰੱਖਦੇ ਹਨ, ਉਹ ਸਮਾਜ ਦੀ ਉੱਨਤੀ ਤੇ ਭਲਾਈ ਵਿੱਚ ਰੁਕਾਵਟ ਬਣਦੇ ਹਨ, ਮਨੁੱਖਤਾ ਦੇ ਸੁਧਾਰ ਲਈ ਔਕੜਾਂ ਖੜੀਆਂ ਕਰਦੇ ਹਨ। ਅਜੇਹੇ ਭੁਲੇਖੇ ਸਮੁੱਚੇ ਸਮਾਜ ਨੂੰ ਹੀ ਨਹੀਂ ਸਗੋਂ ਉਨ੍ਹਾਂ ਮਨੁੱਖਾਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ ਜੋ ਆਪ ਇੰਨ੍ਹਾਂ ਦਾ ਪ੍ਰਚਾਰ ਕਰਦੇ ਹਨ। ਜੋ ਮਨੁੱਖ ਇਹ ਸਮਝਦਾ ਹੈ ਕਿ ਉਸ ਨੂੰ ਸਭ ਸੂਝ ਤੇ ਅਕਲ ਹੈ ਤੇ ਉਹ ਚੰਗੇ-ਮੰਦੇ ਦਾ ਫ਼ੈਸਲਾ ਕਰ ਸਕਦਾ ਹੈ ਉਸ ਨੇ ਆਪਣਾ ਕਲਿਆਣ ਤਾਂ ਕੀ ਕਰਨਾ ਹੈ, ਦੂਜਿਆਂ ਦੀ ਉੱਨਤੀ ਤੇ ਬਿਹਤਰੀ ਵਿੱਚ ਵੀ ਰੋੜਾ ਬਣਦਾ ਹੈ।

ਆਚਰਣ ਸੰਬੰਧਕ ਗੁਣ ਹੈ:-

ਸਮਾਜ ਵਿੱਚ ਦੋ ਪ੍ਰਕਾਰ ਦੇ ਮਨੁੱਖ ਹਨ, ਚੰਗੇ ਤੇ ਮੰਦੇ। ਇਕੱਲਾ ਮਨੁੱਖ ਪਾਪੀ ਤੇ ਪੁੰਨੀ ਨਹੀਂ ਹੋ ਸਕਦਾ। ਕਿਸੇ ਸਮਾਜਹੀਣ ਸੁੰਨਸਾਨ ਥਾਂ ਤੇ ਜੇ ਕੋਈ ਮਨੁੱਖ ਜਾ ਕੇ ਰਹਿਣ ਲੱਗ ਜਾਏ, ਜਿੱਥੇ ਹੋਰ ਕੋਈ ਮਨੁੱਖ ਨਹੀਂ ਰਹਿੰਦਾ ਤਾਂ ਉਸ ਦੇ ਆਚਰਣ ਤੇ ਕਿਸੇ ਹੋਰ ਦਾ ਪ੍ਰਭਾਵ ਨਹੀਂ ਪਏਗਾ ਅਤੇ ਨਾ ਹੀ ਉਸਦੇ ਆਚਰਣ ਦਾ ਕਿਸੇ ਹੋਰ ਉੱਤੇ ਹੀ ਪ੍ਰਭਾਵ। ਅਜਿਹੀ ਹਾਲਤ ਵਿੱਚ ਮਨੁੱਖ ਸਿਆਣਾ ਜਾਂ ਮੂਰਖ ਭਾਵੇਂ ਅਖਵਾ ਸਕੇ। ਚੰਗੇ ਜਾਂ ਮੰਦੇ ਆਚਰਣ ਵਾਲਾ ਨਹੀਂ ਹੋ ਸਕਦਾ। ਪਵਿੱਤਰ ਜਾਂ ਅਪਵਿੱਤਰ ਜੀਵਨ ਲਈ, ਨੇਕੀ ਜਾਂ ਬਦੀ ਲਈ ਹੋਰਾਂ ਲਈ ਸੰਬੰਧ ਜ਼ਰੂਰੀ ਹੈ। ਇੱਕ ਇਕੱਲੇ ਨਾਲ ਚੰਗੇ-ਮੰਦੇ ਸੰਬੰਧ ਜੋੜਨੇ ਅਸੰਭਵ ਹਨ। ਸੱਚ ਬੋਲਣਾ ਇੱਕ ਚੰਗਾ ਗੁਣ ਹੈ ਤੇ ਝੂਠ ਇੱਕ ਭੈੜੀ ਆਦਤ ਹੈ। ਪਰਉਪਕਾਰ ਕਰਨਾ ਚੰਗਿਆਈ ਹੈ ਤੇ ਚੋਰੀ ਇੱਕ ਮਾੜਾ ਕੰਮ ਹੈ। ਪਰ ਜਿੱਥੇ ਇੱਕ ਇਕੱਲਾ ਮਨੁੱਖ ਹੀ ਹੋਵੇ, ਉਹ ਕਿਸ ਨਾਲ ਸੱਚ ਜਾਂ ਝੂਠ ਬੋਲੇਗਾ? ਕਿਸ ਲਈ ਉਪਕਾਰ ਕਰੇਗਾ? ਜਾਂ ਕਿਸ ਦੀ ਚੋਰੀ ਕਰ ਸਕੇਗਾ? ਸਪੱਸ਼ਟ ਹੈ ਕਿ ਆਚਰਣ ਇੱਕ ਸੰਬੰਧਤ ਗੁਣ ਹੈ।